Vancouver Coastal Health
Promoting wellness. Ensuring care.

Providence HEALTH CARE
How you want to be treated.

fraserhealth
Better health. Best in health care.

Punjabi

# Spinal or Epidural Anesthesia

# ਸਪਾਇਨਲ ਜਾਂ ਐਪੀਡਿਊਰਲ ਐਨਸਥੀਜ਼ਿਆ

## Discharge Instructions

## ਖਾਰਜ ਕਰਨ ਦੀਆਂ ਹਿਦਾਇਤਾਂ

## ਸਾਧਾਰਣ ਜਾਣਕਾਰੀ General Information

ਜੇਕਰ ਤੁਸੀਂ ਸਪਾਇਨਲ ਜਾਂ ਐਪੀਡਿਊਰਲ ਐਨਸਥੀਜ਼ਿਆ ਲਿਆ ਹੈ, ਇਸ ਦਾ ਅਸਰ ਬਹੁਤ ਘੰਟਿਆਂ ਤੱਕ ਰਹਿ ਸਕਦਾ ਹੈ।

## ਇਲਾਜ ਵਿਚ ਜ਼ਰੂਰੀ ਨੁਕਤੇ Important Points in Treatment

ਤੁਹਾਨੂੰ ਹੇਠ ਲਿਖੀਆਂ ਸਾਵਧਾਨੀਆਂ ਲੈਣੀਆਂ ਚਾਹੀਦੀਆਂ ਹਨ:

- ਘਰ ਵਿਚ (ਜਾਂ ਭਾਵੇਂ ਟੈਕਸੀ ਰਾਹੀਂ ਸਫਰ ਕਰ ਰਹੇ ਹੋ) ਇਕ ਜ਼ਿੰਮੇਵਾਰ ਆਦਮੀ ਤੁਹਾਡੇ ਕੋਲ **ਹੋਣਾ ਜ਼ਰੂਰੀ** ਹੈ ਅਤੇ ਪਹਿਲੇ 24 ਘੰਟਿਆਂ ਲਈ ਤੁਹਾਡੇ ਨਾਲ ਰਹਿਣਾ ਚਾਹੀਦਾ ਹੈ।
- ਕੋਈ ਵੀ ਗਤੀ-ਵਿਧੀਆਂ **ਨਾ ਕਰੋ** ਜਿਸ ਵਿਚ ਤਾਲ-ਮੇਲ ਦੀ ਲੋੜ ਹੋਵੇ ਜਾਂ ਜ਼ਰੂਰੀ ਫੈਸਲਾ ਕਰਨਾ ਹੋਵੇ ਜਿਵੇਂ ਕਿ ਕਾਰ ਚਲਾਉਣੀ, ਸਾਇਕਲ, ਪਬਲਿਕ ਬੱਸਾਂ ਵਿਚ ਇਕਲੇ ਸਫਰ ਕਰਨਾ, ਭਾਰੀ ਮਸ਼ੀਨਰੀ ਤੇ ਕੰਮ ਕਰਨਾ, ਜ਼ਰੂਰੀ ਕਾਗਜ਼ਾਂ ਤੇ ਦਸਤਖਤ ਕਰਨਾ।
- ਸਰਜਰੀ ਹੋਣ ਦੇ ਬਾਦ ਪਹਿਲੇ 24 ਘੰਟਿਆਂ ਲਈ ਕੋਈ ਸ਼ਰਾਬ ਜਾਂ ਮੰਨੋਰੰਜਨ ਵਾਲੀ ਡਰਗ **ਨਾ ਲਉ** ਅਤੇ/ਜਾਂ ਜਦੋਂ ਪੀੜ ਦੀਆਂ ਦਵਾਈਆਂ ਲੈਂਦੇ ਹੋ (ਪੀੜ ਦੀਆਂ ਦਵਾਈਆਂ ਅਤੇ/ਜਾਂ ਤੁਸੀਂ ਸਰਜਰੀ ਵੇਲੇ ਜੋ ਦਵਾਈਆਂ ਲਈਆਂ ਸੀ ਉਹਨਾਂ ਦੇ ਇਕ ਦੂਜੇ ਤੇ ਨੁਕਸਾਨਦਾਇਕ ਅਸਰ ਹੋ ਸਕਦੇ ਹਨ)।
- ਬਿਸਤਰ ਵਿਚ ਆਰਾਮ ਕਰੋ ਜਦੋਂ ਤਕ ਕਿ ਤੁਸੀਂ ਸੁੰਨ ਕਰਨ ਵਾਲੀ ਦਵਾਈ ਤੋਂ ਪੂਰੀ ਤਰ੍ਹਾਂ ਰਾਜ਼ੀ ਹੋਣਾ ਮਹਿਸੂਸ ਕਰਦੇ ਹੋ। ਪਹਿਲੇ ਦਿਨ ਲਈ, ਜ਼ੋਰਦਾਰ ਸਰੀਰਿਕ ਗਤੀ-ਵਿਧੀਆਂ ਤੋਂ ਸੰਕੋਚ ਕਰੋ ਜਿਵੇਂ ਕਿ ਜੌਗਿੰਗ ਜਾਂ ਏਰੋਬਿਕਸ ਜਾਂ ਭਾਰੀ ਸਾਮਾਨ ਚੁਕਣਾ।
- ਤੁਹਾਡੇ ਡਾਕਟਰ ਰਾਹੀਂ ਦਿੱਤੀਆਂ ਗਈਆਂ ਸਭ ਹਿਦਾਇਤਾਂ ਨੂੰ ਮੰਨੋ। ਦਸੀ ਗਈ ਦਵਾਈ ਤੋਂ ਜ਼ਿਆਦਾ ਕੋਈ ਦਵਾਈ **ਨਾ ਲਉ**।
- 2-3 ਦਿਨਾਂ ਲਈ ਬਹੁਤ ਜ਼ਿਆਦਾ ਫਲੂਇਡ (ਘਟੋ ਘੱਟ ਦਿਨ ਵਿਚ 4 ਕਪ) ਪੀਉ।



- ਜੇਕਰ ਤੁਹਾਡੇ ਸਿਰ ਦਰਦ ਹੁੰਦਾ ਹੈ:
    - ਆਪਣੇ ਮੂੰਹ ਰਾਹੀਂ ਪੀਣ ਵਾਲੇ ਤਰਲ (ਫਲੂਇਡ) ਵਿਚ ਵਾਧਾ ਕਰੋ।
    - ਅਸੀਟਾਮਿਨੋਫਿਨ ਲਉ ਜਿਵੇਂ ਲੇਬਲ ਤੇ ਲਿਖਿਆ ਹੋਵੇ (ਜੇਕਰ ਤੁਸੀਂ ਇਸ ਦਵਾਈ ਤੋਂ ਐਲਰਜਿਕ/ ਕੋਮਲ-ਭਾਵੀ ਹੋ ਤਾਂ ਇਹ ਦਵਾਈ ਨਾ ਲਉ)।
    - ਕੈਫਿਨ ਸਿਰ ਦਰਦ ਨੂੰ ਘਟ ਕਰਨ ਵਿਚ ਮਦਦ ਕਰ ਸਕਦੀ ਹੈ। ਅਸੀਂ ਘੱਟੋ ਘੱਟ 2 ਕਪ ਕਾਫ਼ੀ ਜਾਂ ਚਾਹ ਪੀਣ ਦਾ ਸੁਝਾਉ ਦਿੰਦੇ ਹਾਂ।
    - ਚਮਕਦੀ ਰੋਸ਼ਨੀ ਅਤੇ ਆਵਾਜ਼ ਤੋਂ ਦੂਰ ਰਹੋ।
    - ਸਿੱਧਾ ਲੇਟਣਾ ਆਮ ਕਰਕੇ ਜ਼ਿਆਦਾ ਆਰਾਮਦਾਇਕ ਹੁੰਦਾ ਹੈ। ਸਿਰ ਦਰਦ ਸਿਰਫ ਉਸ ਵੇਲੇ ਹੋ ਸਕਦੀ ਹੈ ਜਦੋਂ ਤੁਹਾਡਾ ਸਿਰ ਉਪਰ ਹੋਵੇ।
- ਆਪਣੇ ਡਾਕਟਰ ਨਾਲ ਅੱਗੇ ਦੀ ਸੰਭਾਲ ਦੀਆਂ ਅਪਾਇੰਟਮੈਂਟਾਂ ਬਣਾਉਣ ਲਈ ਪੱਕੇ ਰਹੋ। ਅਪਾਇੰਟਮੈਂਟ ਬਣਾਉਣ ਲਈ ਆਪਣੇ ਡਾਕਟਰ ਦੇ ਦਫਤਰ ਨੂੰ ਮਿਲੋ।

## ਜੇਕਰ ਹੇਠ ਲਿਖੇ ਵਿਚੋਂ ਕੁਝ ਵਾਪਰਦਾ ਹੈ ਤਾਂ ਡਾਕਟਰ ਨੂੰ ਦਸੋ ਜਾਂ ਐਮਰਜੈਂਸੀ ਵਿਭਾਗ ਵਿਚ ਜਾਉ:
## Notify the Doctor or go to the Emergency Department if any of the following happens:

- ਜੇਕਰ ਤੁਹਾਨੂੰ 8 ਘੰਟਿਆਂ ਤੱਕ ਪਿਸ਼ਾਬ ਨਹੀਂ ਆਉਂਦਾ ਅਤੇ/ਜਾਂ ਬਲੈਡਰ ਭਰੇ ਹੋਣ ਨਾਲ ਦਰਦ ਮਹਿਸੂਸ ਹੁੰਦਾ ਹੈ;
- ਤੁਹਾਨੂੰ ਇੰਨਫੈਕਸ਼ਨ ਦਾ ਕੋਈ ਚਿੰਨ ਹੋਵੇ (ਬੁਖਾਰ, ਸਪਾਇਨ ਦੇ ਛੇਦ ਵਾਲੀ ਜਗ੍ਹਾ ਲਾਲ, ਸੋਜ, ਪੱਸ ਵਾਂਗ ਪਦਾਰਥ ਨਿਕਲੇ, ਉਸ ਜਗ੍ਹਾ ਤੇ ਦਰਦ ਹੋਵੇ);
- ਜੇਕਰ ਤੁਹਾਨੂੰ 2 ਦਿਨਾਂ ਲਈ ਲਗਾਤਾਰ ਸਖਤ ਸਿਰ ਪੀੜ ਹੋਵੇ ਜੋ ਪਹਿਲਾਂ ਦਸੇ ਗਏ ਸੁਝਾਵਾਂ ਨਾਲ ਘੱਟ ਨਾ ਹੋਵੇ;
- ਤੁਹਾਡੀ ਦੱਸੀ ਗਈ (ਪ੍ਰਸਕਰਿਪਸ਼ਨ) ਦਵਾਈ ਨਾਲ ਤੁਹਾਡਾ ਦਰਦ ਘੱਟ ਨਾ ਹੋਵੇ;
- ਨਿਰੰਤਰ ਜੀ ਕੱਚਾ ਹੋਵੇ ਅਤੇ ਉਲਟੀ ਆਵੇ।

## ਇਹਨਾਂ ਸਾਧਾਰਣ ਹਿਦਾਇਤਾਂ ਤੋਂ ਇਲਾਵਾ ਵੀ ਯਾਦ ਰਖੋ:
Besides these general instructions remember also:

ਇਸ ਦਸਤਾਵੇਜ਼ ਦੀ ਜਾਣਕਾਰੀ ਸਿਰਫ ਉਸ ਇਨਸਾਨ ਲਈ ਬਣਾਈ ਗਈ ਹੈ, ਜਿਸ ਨੂੰ ਇਹ ਹੈਲਥ ਕੇਅਰ ਟੀਮ ਵਲੋ ਦਿੱਤਾ ਗਿਆ ਸੀ।

www.vch.ca – www.fraserhealth.ca
The information in this document is intended solely for the person to whom it was given by the health care team.

VCH Catalogue No. **ED.900.Sp46.PU** To order: **http://vch.eduhealth.ca**
FH Catalogue No. **266354** To order: **patienteduc.fraserhealth.ca**
© Vancouver Coastal Health, April 2017